## ਪੰਜਾਬ ਵਿਧਾਨ ਸਭਾ ਸਕੱਤਰੇਤ

**ਬੁੱਧਵਾਰ, ਮਿਤੀ 21 ਜੂਨ, 2017 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

### ਮੋਹਾਲੀ ਵਿੱਚ ਪੰਚਾਇਤੀ ਜ਼ਮੀਨਾਂ ਲੀਜ਼ ਤੇ ਦੇਣਾ

***189. ਸਰਦਾਰ ਬਲਬੀਰ ਸਿੰਘ ਸਿੱਧੂ, ਐਮ.ਐਲ.ਏ.**:- ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਪੰਚਾਇਤੀ ਜ਼ਮੀਨਾਂ ਲੀਜ਼ ਤੇ ਦਿੱਤੀਆਂ ਗਈਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕਿਸ ਨੂੰ ਅਤੇ ਕਿੰਨੇ ਸਮੇਂ ਲਈ ਦਿੱਤੀਆਂ ਗਈਆਂ ਹਨ?

### ਜ਼ਮੀਨ ਨੀਚਲੇ ਪਾਣੀ ਦਾ ਪੱਧਰ ਥੱਲੇ ਜਾਣਾ

***360. ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ, ਐਮ.ਐਲ.ਏ.**:- ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਵਿੱਚ ਜ਼ਮੀਨ ਨੀਚਲੇ ਪਾਣੀ ਦੇ ਪੱਧਰ ਦੇ ਥੱਲੇ ਜਾਣ ਦੀ ਗੰਭੀਰਤਾ ਨੂੰ ਦੇਖਦੇ ਹੋਏ ਰਾਜ ਦੇ ਕੁੱਲ ਕਿੰਨੇ ਰਕਬੇ ਅਤੇ ਕਿਹੜੇ-ਕਿਹੜੇ ਬਲਾਕਾਂ ਨੂੰ ਇਸ ਵੇਲੇ ਗੰਭੀਰ ਕਰਾਰ ਦਿੱਤਾ ਗਿਆ ਹੈ ਅਤੇ ਹੋਰ ਕਿੰਨਾ ਰਕਬਾ ਗੰਭੀਰ ਖਤਰੇ ਵਿੱਚ ਆਉਂਣ ਦੀ ਸੰਭਾਵਨਾ ਹੈ;

ਅ) ਕੀ ਪੰਜਾਬ ਸਰਕਾਰ ਇਸ ਖਤਰੇ ਨੂੰ ਵੇਖਦੇ ਹੋਏ ਵੱਖਰੇ ਗੰਭੀਰ ਖੇਤਰਾਂ/ਜੋਨਾਂ ਵਿੱਚ ਵੰਡਣ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ;ਅਤੇ

ੲ) ਪੰਜਾਬ ਦੇ ਜ਼ਮੀਨ ਨੀਚਲੇ ਪਾਣੀ ਦੇ ਪੱਧਰ ਨੂੰ ਬਚਾਉਂਣ ਲਈ ਅਤੇ ਰੀਚਾਰਜ਼ ਕਰਨ ਲਈ ਸਰਕਾਰ ਵੱਲੋਂ ਕਿਹੜੇ-ਕਿਹੜੇ ਉਪਰਾਲੇ ਕੀਤੇ ਜਾ ਰਹੇ ਹਨ, ਇਸਦੇ ਵੇਰਵੇ ਕੀ ਹਨ?

### ਸਟੈਨੋਗਰਾਫੀ ਇੰਸਟਰੱਕਟਰਾਂ ਨੂੰ ਤਰੱਕੀ ਦੇਣਾ

***463. ਸਰਦਾਰ ਹਰਦਿਆਲ ਸਿੰਘ ਕੰਬੋਜ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਟੈਨੋਗਰਾਫੀ ਇੰਸਟਰੱਕਟਰਾਂ ਲਈ ਤਰੱਕੀ ਦੇ ਕੀ-ਕੀ ਮੌਕੇ ਹਨ ਅਤੇ ਇਸ ਸਬੰਧੀ ਕੀ ਨਿਯਮ ਹਨ,

ਅ) ਸਟੈਨੋਗਰਾਫੀ ਇੰਸਟਰੱਕਟਰਾਂ ਨੂੰ ਤਰੱਕੀ ਦੇ ਮੌਕੇ ਦੇਣ ਲਈ ਕੋਈ ਕੋਟਾ ਨਿਸ਼ਚਿਤ ਕਰਨ ਅਤੇ ਇਸ ਸਬੰਧੀ ਨਿਯਮ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਨਿਯਮ ਕਿੰਨੇ ਸਮੇਂ ਵਿੱਚ ਤਿਆਰ ਕਰ ਲਏ ਜਾਣਗੇ?

### ਘਨੌਰ ਹਲਕੇ ਵਿਚ ਸੈਕੰਡਰੀ ਸਕੂਲਾਂ ਦਾ ਵੇਰਵਾ

***107. ਸ਼੍ਰੀ ਮਦਨ ਲਾਲ ਜਲਾਲਪੁਰ, ਐਮ.ਐਲ.ਏ.**:- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਘਨੌਰ ਹਲਕੇ ਵਿਚ ਸੈਕੰਡਰੀ ਸਕੂਲ ਕਿੱਥੇ ਕਿੱਥੇ ਹਨ ਅਤੇ ਉਥੇ ਸਿੱਖਿਆ ਦੇ ਕਿਹੜੇ-ਕਿਹੜੇ ਗਰੁੱਪ ਚੱਲ ਰਹੇ ਹਨ;

ਅ) ਕੀ ਉਪਰੋਕਤ ਗਰੁੱਪਾ ਵਿਚ ਵਿਦਿਆਰਥੀਆਂ ਮੁਤਾਬਕ ਅਧਿਆਪਕਾਂ ਦੀ ਨਫਰੀ ਪੂਰੀ ਹੈ; ਜੇ ਨਹੀਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਉਕਤ ਖਾਲੀ ਅਸਾਮੀਆਂ ਭਰਨ ਲਈ ਕੀ ਕੋਈ ਉਪਰਾਲੇ ਕੀਤੇ ਜਾ ਰਹੇ ਹਨ?

### ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਨਾ

***208. ਸਰਦਾਰ ਕੁਲਬੀਰ ਸਿੰਘ ਜ਼ੀਰਾ, ਐਮ.ਐਲ.ਏ.**:- ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਵਿਧਾਨ ਸਭਾ ਹਲਕਾ ਜ਼ੀਰਾ ਵਿਚ ਗਲਤ ਤੌਰ ਤੇ ਲਗਾਈਆਂ ਗਈਆਂ ਬੁਢਾਪਾ ਪੈਨਸ਼ਨਾਂ ਦੀ ਪੜਤਾਲ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

### ਕੰਮਿਊਨਟੀ ਹੈਲਥ ਸੈਂਟਰ ਅਪਗ੍ਰੇਡ ਕਰਨਾ

***221. ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.**:- ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਪਟਿਆਲਾ ਵਿੱਚ ਸਾਲ 2016 ਦੌਰਾਨ ਦੂਧਨ ਸਾਧਾਂ ਵਿਖੇ ਨਵੀਂ ਸਬ ਡਵੀਜਨ ਬਣ ਜਾਣ ਕਰਕੇ ਉੱਥੇ ਚਲ ਰਹੇ ਕੰਮਿਊਨਟੀ ਹੈਲਥ ਸੈਂਟਰ ਨੂੰ ਅਪ-ਗ੍ਰੇਡ ਕਰਕੇ ਇੱਕ ਸਬ/ਡਵੀਜ਼ਨਲ ਹਸਪਤਾਲ ਬਣਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਦੋਂ ਤੱਕ ਬਣਾ ਦਿੱਤਾ ਜਾਵੇਗਾ?

### ਆਦਮਪੁਰ ਵਿਖੇ ਸੀਵਰੇਜ ਪ੍ਰੋਜੈਕਟ ਦੇ ਕੰਮ ਦੀ ਮੌਜੂਦਾ ਸਥਿਤੀ

***244. ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.**:- ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਆਦਮਪੁਰ ਸ਼ਹਿਰ ਵਿੱਚ ਅਪ੍ਰੈਲ 2016 ਦੌਰਾਨ ਜੋ ਸੀਵਰੇਜ਼ ਪ੍ਰੋਜੈਕਟ STP/MPS ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਉਸ ਕੰਮ ਦੀ ਮੌਜੂਦਾ ਸਥਿਤੀ ਕੀ ਹੈ?

### ਤੀਰਥ ਯਾਤਰਾਵਾਂ ਤੇ ਖਰਚ ਕੀਤੀ ਗਈ ਰਾਸ਼ੀ

***222. ਸਰਦਾਰ ਪਰਮਿੰਦਰ ਸਿੰਘ ਪਿੰਕੀ, ਐਮ.ਐਲ.ਏ.**:- ਕੀ ਵਿੱਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਾਲ 2016-17 ਦੌਰਾਨ ਸਰਕਾਰ ਵੱਲੋਂ ਮੁਫ਼ਤ ਤੀਰਥ ਯਾਤਰਾ ਤੇ ਕੁੱਲ ਕਿੰਨੀ ਰਕਮ ਖਰਚ ਕੀਤੀ ਗਈ ਅਤੇ ਇਹ ਕਿਹੜੇ-ਕਿਹੜੇ ਹੈਡਜ਼ ਵਿਚੋ ਖਰਚ ਕੀਤੀ ਗਈ;

ਅ) ਉਪਰੋਕਤ ਕਰਵਾਈਆਂ ਗਈਆਂ ਤੀਰਥ ਯਾਤਰਾਵਾਂ ਦੀ ਗਿਣਤੀ ਅਤੇ ਵੇਰਵੇ ਕੀ ਹਨ?

### ਫਸਲਾਂ ਦੇ ਉਜਾੜੇ ਨੂੰ ਰੋਕਣ ਲਈ ਜਾਲਾਂ ਉੱਤੇ ਸਬਸਿਡੀ ਦੇਣਾ

***425. ਸ਼੍ਰੀ ਦਰਸ਼ਨ ਲਾਲ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ ਕੀ ਕੰਡੀ ਦੇ ਇਲਾਕੇ ਵਿਚ ਅਵਾਰਾ ਪਸ਼ੂਆਂ ਅਤੇ ਜੰਗਲੀ ਜਾਨਵਰਾਂ ਦੁਆਰਾਂ ਕਿਸਾਨਾਂ ਦੀਆਂ ਫਸਲਾਂ ਦੇ ਉਜਾੜੇ ਨੂੰ ਰੋਕਣ ਲਈ ਜਾਲ ਉੱਤੇ ਸਬਸਿਡੀ ਦੇਣ ਲਈ ਪਿਛਲੀ ਸਰਕਾਰ ਨੇ ਐਲਾਨ ਕੀਤਾ ਸੀ ਅਤੇ ਸਬੰਧਤ ਕਿਸਾਨਾਂ ਨੂੰ ਜ਼ਮੀਨ ਦੀਆਂ ਫਰਦਾਂ ਕਟਵਾਕੇ ਦਰਖਾਸਤਾਂ ਦੇਣ ਲਈ ਕਿਹਾ ਸੀ;

ਅ) ਜਿਨ੍ਹਾ ਕਿਸਾਨਾਂ ਨੇ ਦਰਖਾਸਤਾਂ ਦਿੱਤੀਆਂ ਸਨ, ਕੀ ਉਨ੍ਹਾਂ ਨੂੰ ਜਾਲ ਲਈ ਸਬਸਿਡੀ ਦਿੱਤੀ ਗਈ ਹੈ; ਜੇਕਰ ਨਹੀ ਤਾਂ ਕੀ ਇਸ ਅਹਿਮ ਲੋੜ ਨੂੰ ਪੂਰਾ ਕਰਨ ਲਈ ਮੌਜੂਦਾ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ?

### ਨੂਰਪੁਰ ਬੇਦੀ ਦੇ ਪਿੰਡਾਂ ਨੂੰ ਪੀਣ ਵਾਲਾ ਪਾਣੀ ਉਪਲਬਧ ਕਰਵਾਉਣ ਸਬੰਧੀ

***19. ਸਰਦਾਰ ਅਮਰਜੀਤ ਸਿੰਘ ਸੰਦੋਆ, ਐਮ.ਐਲ.ਏ.**:- ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਸ਼ਾਹਪੁਰ ਕੰਢੀ ਨਹਿਰ ਵਿਚੋਂ ਨੂਰਪੁਰ ਬੇਦੀ ਦੇ ਕਿੰਨੇ ਪਿੰਡਾਂ ਨੂੰ ਪੀਣ ਦਾ ਪਾਣੀ ਉਪਲਬਧ ਕੀਤਾ ਗਿਆ ਹੈ ਅਤੇ ਬਾਕੀ ਰਹਿੰਦੇ ਪਿੰਡਾਂ ਨੂੰ ਕਦੋਂ ਤੱਕ ਪਾਣੀ ਉਪਲਬਧ ਕੀਤੇ ਜਾਣ ਦੀ ਸੰਭਾਵਨਾ ਹੈ?

### ਗੋਬਿੰਦਪੁਰਾ, ਜ਼ਿਲ੍ਹਾ ਮਾਨਸਾ ਵਿਖੇ ਪਿਉਨਾ ਪਾਵਰ ਪਲਾਂਟ ਦੀ ਜ਼ਮੀਨ ਐਕਵਾਇਰ ਕਰਨੀ

***264. ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਬਿਜਲੀ ਮੰਤਰੀ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਗੋਬਿੰਦਪੁਰਾ, ਜ਼ਿਲ੍ਹਾ ਮਾਨਸਾ ਵਿਖੇ ਪਿਉਨਾ ਪਾਵਰ ਪਲਾਂਟ ਦੀ ਜ਼ਮੀਨ ਐਕਵਾਇਰ ਕੀਤੀ ਗਈ ਹੈ; ਜੇਕਰ ਕੀਤੀ ਗਈ ਹੈ ਤਾਂ ਸਰਕਾਰ ਦੀ ਪਾਲਿਸੀ ਮੁਤਾਬਕ ਜਿਨ੍ਹਾਂ ਲੋਕਾਂ ਦੀ ਜ਼ਮੀਨ ਲਈ ਸੀ ਕੀ ਉਹਨਾਂ ਨੂੰ ਨੌਕਰੀਆਂ ਅਤੇ ਵਿੱਤੀ ਮਦਦ ਅਜੇ ਦਿੱਤੀ ਜਾਣੀ ਬਾਕੀ ਹੈ ਅਤੇ ਸਰਕਾਰ ਉਹਨਾਂ ਨੂੰ ਕਦੋਂ ਤੱਕ ਨੋਕਰੀਆਂ ਅਤੇ ਵਿੱਤੀ ਮੱਦਦ ਦੇਣ ਬਾਰੇ ਵਿਚਾਰ ਰੱਖਦੀ ਹੈ?

### ਆਈ .ਟੀ.ਆਈ ਨਿਆੜੀ ਤਹਿਸੀਲ ਧਾਰਕਲਾਂ ਦੀ ਉਸਾਰੀ

***498. ਸ਼੍ਰੀ ਦਿਨੇਸ਼ ਸਿੰਘ, ਐਮ.ਐਲ.ਏ.**:- ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜਿਹੜਾ ਆਈ.ਟੀ.ਆਈ, ਨਿਆੜੀ, ਤਹਿਸੀਲ ਧਾਰਕਲਾਂ ਵਿਖੇ ਸੈਂਕਸ਼ਨ ਹੋਇਆ ਸੀ ਉਸਦੇ ਤਖਮੀਮੇ ਪਾਸ ਹੋ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਉਸਦੀ ਉਸਾਰੀ ਕਦੋਂ ਤੱਕ ਸ਼ੁਰੂ ਕਰ ਦਿੱਤੀ ਜਾਵੇਗੀ?

ਪਰਤੋਂ ਜੀ.....

**ਲੁਧਿਆਣਾ ਪੱਛਮੀ ਹਲਕੇ ਵਿੱਚ ਪੈਂਦੇ ਸਰਕਾਰੀ ਸਕੂਲਾਂ/ਕਾਲਜਾਂ ਵਿੱਚ ਅਧਿਆਪਕਾਂ/ਪ੍ਰੋਫੈਸਰਾਂ ਦੀ ਗਿਣਤੀ**

***256. ਸ਼੍ਰੀ ਭਾਰਤ ਭੂਸ਼ਨ ਆਸ਼ੂ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

ੳ) ਲੁਧਿਆਣਾ ਪੱਛਮੀ ਵਿਧਾਨ ਸਭਾ ਚੋਣ ਹਲਕੇ ਵਿਚ ਪੈਂਦੇ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਅਧਿਆਪਕਾਂ/ਪ੍ਰੋਫੈਸਰਾਂ ਦੀਆਂ ਖਾਲੀ ਪਈਆਂ ਆਸਾਮੀਆਂ ਦੀ ਗਿਣਤੀ ਅਤੇ ਵੇਰਵੇ ਕੀ ਹਨ;

ਅ) ਕੀ ਇਹ ਠੀਕ ਹੈ ਕਿ ਭਾਗ (ੳ) ਵਿਚ ਵਰਣਿਤ ਸਰਕਾਰੀ ਸਕੂਲਾਂ ਅਤੇ ਕਾਲਜਾਂ ਵਿਚ ਬੁਨਿਆਦੀ ਢਾਂਚੇ ਦੀ ਬਹੁਤ ਵੱਡੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਘਾਟ ਨੂੰ ਪੂਰਾ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸਤੱਲੁਜ਼ ਦਰਿਆ ਤੇ ਬਣੇ ਨਵੇਂ ਪੁਲ ਤੋਂ ਰਾਹੋਂ (ਨਵਾਂ ਸ਼ਹਿਰ) ਤੱਕ ਸੜਕ ਨੂੰ ਚੋੜ੍ਹਾ/ਮਜ਼ਬੂਤ ਕਰਨਾ**

***468. ਸ਼੍ਰੀ ਅੰਗਦ ਸਿੰਘ, ਐਮ.ਐਲ.ਏ.:-** ਕੀ ਲੋਕ ਨਿਰਮਾਣ ਵਿਭਾਗ (ਭ ਅਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸੱਤਲੁਜ਼ ਦਰਿਆ ਉਤੇ ਨਵੇਂ ਬਣੇ ਪੁੱਲ ਤੋਂ ਰਾਹੋਂ (ਨਵਾਂ ਸ਼ਹਿਰ) ਤੱਕ ਪਹੁੰਚ ਸੜਕ ਨੂੰ ਚੋੜ੍ਹਾ ਅਤੇ ਮਜ਼ਬੂਤ ਕਰਨ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਤਜਵੀਜ਼ ਨੂੰ ਪੂਰਾ ਕਰਨ ਲਈ ਕਿੰਨਾਂ ਸਮਾਂ ਲੱਗੇਗਾ?

**ਸੀ.ਐਲ.ਯੂ. ਸਰਟੀਫਿਕੇਟ ਅਤੇ ਇਮਾਰਤ ਦਾ ਨਕਸ਼ਾ ਸਮਰੱਥ ਅਥਾਰਿਟੀ ਪਾਸੋਂ ਪਾਸ ਕਰਵਾਉਣਾ**

***380. ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਕੀ ਇਹ ਠੀਕ ਹੈ ਕਿ ਨਗਰ ਨਿਗਮ ਜਲੰਧਰ ਦੇ ਵਾਰਡ ਨੰ:40 ਵਿੱਚ ਨਾਗਰਾ ਫਾਟਕ ਤੋਂ ਸ਼ਿਵ ਨਗਰ ਫਾਟਕ ਦੇ ਵਿਚਕਾਰ ਸਥਿਤ ਨਾਗਰਾ ਪੈਲਸ ਨਾਂ ਦੀ ਇਕ ਇਮਾਰਤ ਦਾ ਸੀ.ਐਲ.ਯੂ (ਭੌਂ ਵਰਤੋਂ ਦੀ ਤਬਦੀਲੀ) ਸਰਟੀਫਿਕੇਟ ਅਤੇ ਇਮਾਰਤ ਦਾ ਨਕਸ਼ਾ ਸਮਰੱਥ ਅਥਾਰਿਟੀ ਪਾਸੋਂ ਪਾਸ ਕਰਵਾਇਆ ਗਿਆ ਸੀ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ;

ਅ) ਕੀ ਇਹ ਵੀ ਠੀਕ ਹੈ ਕਿ ਉਕਤ ਇਮਾਰਤ ਸਮਰੱਥ ਅਥਾਰਿਟੀ ਵੱਲੋਂ ਸੀਲ ਕਰ ਦਿੱਤੀ ਗਈ ਸੀ; ਜੇਕਰ ਅਜਿਹਾ ਹੋਵੇ, ਤਾਂ ਉਕਤ ਇਮਾਰਤ ਦੀ ਮੌਜੂਦਾ ਸਥਿਤੀ ਕੀ ਹੈ?

**ਅਜਨਾਲਾ ਵਿੱਚ ਟਿਊਬਵੈੱਲਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਬਹਾਲ ਕਰਵਾਉਣਾ**

***414. ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ, ਐਮ.ਐਲ.ਏ.:-** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

ੳ) ਵਿਧਾਨ ਸਭਾ ਚੋਣ ਹਲਕਾ ਅਜਨਾਲਾ ਵਿਚ ਪੈਂਦੇ ਅਜਿਹੇ ਪਿੰਡਾਂ ਦੀ ਕੁੱਲ ਗਿਣਤੀ ਕਿੰਨੀ ਹੈ, ਜਿਨ੍ਹਾਂ ਦੇ ਪੇਂਡੂ ਜਲ -ਸਪਲਾਈ ਟਿਊਬਵੈਲਾਂ ਦੇ ਬਿਜਲੀ ਕੁਨੈਕਸ਼ਨ ਹੁਣ ਤੱਕ ਕੱਟੇ ਹੋਏ ਹਨ ਅਤੇ ਇਸਦੇ ਕਾਰਨ ਕੀ ਹਨ;

ਅ) ਉਪਰੋਕਤ ਵਰਣਿਤ ਟਿਊਬਵੈਲਾਂ ਦੇ ਬਿਜਲੀ ਕੁਨੈਕਸ਼ਨਾਂ ਨੂੰ ਬਹਾਲ ਕਰਵਾਉਣ ਲਈ ਸਰਕਾਰ ਵਲੋਂ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਮਾਨਸਾ ਜ਼ਿਲ੍ਹੇ ਵਿਚ ਨਹਿਰੀ ਸਿੰਜਾਈ ਸਿਸਟਮ**

***133. ਸਰਦਾਰ ਨਾਜ਼ਰ ਸਿੰਘ ਮਾਨਸ਼ਾਹੀਆ, ਐਮ.ਐਲ.ਏ.:-** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕੀ:-

ੳ) ਮਾਨਸਾ ਜ਼ਿਲ੍ਹੇ ਵਿੱਚ ਨਹਿਰੀ ਸਿੰਜਾਈ ਸਿਸਟਮ (ਮਾਇਨਰਾਂ-ਰਜਵਾਹਿਆਂ) ਦੀਆਂ ਕਿੰਨੀਆਂ ਟੇਲਾਂ ਹਨ;

ਅ) ਉਪਰੋਕਤ ਟੇਲਾਂ ਵਿੱਚੋਂ ਕਿੰਨੀਆਂ ਉੱਪਰ ਮੌਜੂਦਾ ਸਮੇਂ ਪਾਣੀ ਨਹੀਂ ਪਹੁੰਚ ਰਿਹਾ;

ੲ) ਉਪਰੋਕਤ ਟੇਲਾਂ ਤੱਕ ਪਾਣੀ ਪਹੁੰਚਾਉਣ ਲਈ ਸਰਕਾਰ ਵੱਲੋਂ ਕੀ ਉਪਰਾਲੇ ਕੀਤੇ ਜਾ ਰਹੇ ਹਨ?

**ਸਟਾਫ ਦੀ ਕਮੀ ਅਤੇ ਮਸ਼ੀਨਾਂ ਦੀ ਪੂਰਤੀ ਕਰਨਾ**

***462. ਸ਼੍ਰੀ ਅੰਗਦ ਸਿੰਘ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਿਵਲ ਹਸਪਤਾਲ ,ਨਵਾਂ ਸ਼ਹਿਰ (ਸ.ਭ.ਸ ਨਗਰ) ਵਿੱਚ ਸਟਾਫ ਦੀ ਕਮੀ ਅਤੇ ਲੋੜੀਂਦੀਆਂ ਸਿਹਤ ਸਬੰਧੀ ਮਸ਼ੀਨਾਂ ਦੀ ਪੂਰਤੀ ਲਈ ਸਰਕਾਰ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਇਹ ਕਿੰਨੇ ਸਮੇਂ ਵਿੱਚ ਪੂਰੀਆਂ ਹੋ ਜਾਣਗੀਆਂ?

**ਮਿਊਂਸਿਪਲ ਕਾਰਪੋਰੇਸ਼ਨ, ਮੋਹਾਲੀ ਵਿਖੇ ਕਮਰਸ਼ੀਅਲ ਪ੍ਰਾਪਰਟੀ ਟੈਕਸ ਲਗਾਉਣਾ**

***477. ਸਰਦਾਰ ਬਲਬੀਰ ਸਿੰਘ ਸਿੱਧੂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਮਿਉਂਸਿਪਲ ਕਾਰਪੋਰੇਸ਼ਨ ਐਸ.ਏ.ਐਸ. ਨਗਰ ਮੋਹਾਲੀ ਵਿਖੇ ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਅਤੇ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਉਤੇ ਪ੍ਰਾਪਰਟੀ ਟੈਕਸ ਲਗਾਉਣ ਦਾ ਕੀ ਮਾਪਦੰਡ ਹੈ;

ਅ) ਕਮਰਸ਼ੀਅਲ ਨਾਨ-ਰੈਂਟਲ ਪ੍ਰਾਪਰਟੀ ਨਾਲੋਂ ਕਮਰਸ਼ੀਅਲ ਰੈਂਟਲ ਪ੍ਰਾਪਰਟੀ ਤੇ ਕਿੰਨੇ ਗੁਣਾ ਵੱਧ ਪ੍ਰਾਪਰਟੀ ਟੈਕਸ ਵਸੂਲਿਆ ਜਾਂਦਾ ਹੈ?

**ਲੇਕ ਵਿਊ ਗੈਸਟ ਹਾਊਸ ਬਠਿੰਡਾ ਤੇ ਕੀਤੇ ਗਏ ਖਰਚੇ ਸਬੰਧੀ**

***46. ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਬਠਿੰਡਾ ਵਿਖੇ ਲੇਕ ਵਿਊ ਗੈਸਟ ਹਾਊਸ ਕਿਹੜੇ ਸਾਲ ਵਿੱਚ ਤਿਆਰ ਕੀਤਾ ਗਿਆ ਸੀ ਅਤੇ ਇਸ ਤੇ ਕਿੰਨੀ ਰਾਸ਼ੀ ਖਰਚ ਕੀਤੀ ਗਈ ਸੀ;

ਅ) ਕੀ ਉਪਰੋਕਤ (ੳ) ਵਿੱਚ ਵਰਣਿਤ ਗੈਸਟ ਹਾਊਸ ਦੀ ਰੈਨੋਵੇਸ਼ਨ ਕਰਨ ਲਈ ਵਿਦੇਸ਼ੀ ਸਾਮਾਨ ਵੀ ਮੰਗਵਾ ਕੇ ਲਗਾਇਆ ਗਿਆ ਸੀ ਅਤੇ ਇਸ ਤੇ ਕਿੰਨਾਂ ਖਰਚਾ ਕੀਤਾ ਗਿਆ;

ੲ) ਗੈਸਟ ਹਾਊਸ ਦੇ ਰੱਖ-ਰਖਾਵ ਅਤੇ ਸਾਂਭ-ਸੰਭਾਲ ਤੇ ਸਾਲ 2014-15, 2015-16 ਅਤੇ 2016-17 ਦੌਰਾਨ ਕਿੰਨਾਂ ਖਰਚਾ ਕੀਤਾ ਗਿਆ;

ਸ) ਭਾਗ (ੳ) ਵਿੱਚ ਵਰਣਿਤ ਗੈਸਟ ਹਾਊਸ ਵਿਚ ਸਾਲ 2014-15, 2015-16 ਅਤੇ 2016-17 ਦੌਰਾਨ ਕਿੰਨੇ ਵਿਅਕਤੀ ਠਹਿਰੇ ਅਤੇ ਉਨ੍ਹਾਂ ਪਾਸੋਂ ਕਿੰਨੀ ਰਕਮ ਬਤੌਰ ਰੈਂਟ ਚਾਰਜਿਸ ਵਸੂਲ ਕੀਤੀ ਗਈ ਹੈ?

ਚੰਡੀਗੜ੍ਹ
ਮਿਤੀ 19 ਜੂਨ, 2017

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।